# ਪਹਿਲਾ ਪੂਰ

# ਪਹਿਲਾ ਪੂਰ

(ਕਵਿਤਾਵਾਂ)

ਰਾਜਾ ਸਾਦਿਕ ਉੱਲ੍ਹਾ

## ਅਮ੍ਰਿਤਾ ਪ੍ਰੀਤਮ

ਇਕ ਬੂਟੇ ਤੋਂ ਉਡ ਪੰਛੀ ਨੇ ਦੂਜੇ ਬੂਟੇ ਬਹਿਣਾ

ਝੂਣਾ ਦਰਦ ਵਿਛੋੜੇ ਵਾਲਾ ਪੱਤਰਾਂ ਢਹਿੰਦਿਆਂ ਰਹਿਣਾ

ਇਕ ਵਾਰੀ ਤੂੰ ਪਹਿਲੋਂ ਮੋਈਓਂ ਸਾਥੋਂ ਵਿਦਆ ਹੋਇਓਂ

ਹੁਣ ਟੁਰੀਓਂ ਕੋਈ ਨਵੇਂ ਟਿਕਾਣੇ

ਮੁੜ ਸੰਤਾਲੀ ਚੜ੍ਹਿਆ

ਝੰਗ ਸਿਆਲੋਂ ਜਿਹੜੀਆਂ ਜ਼ੋਰੀ ਰੰਗਪੁਰ ਘੱਲੀਆਂ ਗਈਆਂ

ਆਪਣੇ ਆਪਣੇ ਘਰ ਏਂਦਰਾਂ ਵਿਚ ਨਿਤ ਨਿਤ ਮਰਦੀਆਂ ਰਹੀਆਂ

ਟੋਰ ਤੇਰੀ ਵਿਚ ਵਿਹਣ ਹਵਾ ਦਾ ਖੁੱਲ ਮਸਤੀ ਦੀਆਂ ਛੱਲਾਂ

ਲਾਲ ਗੁਲਾਬਾਂ ਅੰਦਰ ਮੁਸਕਨ ਤੇਰੀਆਂ ਕੀਤੀਆਂ ਗੱਲਾਂ

ਮੌਤ ਤਿਨਹਾਂ ਨੂੰ ਆਉਂਦੀ ਜਿਹੜੇ ਜਿਉਂਦੇ ਜੀ ਨਹੀਂ ਮਰਦੇ

ਤੂੰ ਜਿਉਂਦੀ ਤੇਰੀ ਗੱਲ ਜਿਉਂਦੀ

ਤੈਨੂੰ ਰਲ ਮਿਲ ਯਾਦ ਹਾਂ ਕਰਦੇ

ਬੱਸ ਰਲ ਮਿਲ ਯਾਦ ਹਾਂ ਕਰਦੇ

# ਡਬਲ ਸ਼ਾਹ

ਇਹ ਚਿੜੀਆਂ ਦਾ ਚੁਰਕਣ ਹੈ ਯਾ ਘਰ ਘਰ ਚੀਕ ਚਿਹਾੜਾ
ਸਿਜ ਮੋਈਆਂ ਸੱਧਰਾਂ ਦਾ ਰਲ ਮਿਲ ਕਰਣ ਸਿਆਪਾ ਆਈਆਂ
ਖ਼ਬਰੇ ਕੋਈ ਮਤ ਪਕਾਵਣ…
ਇਕ ਦੂਜੇ ਦੀਆਂ ਕਬਰਾਂ ਉਤੇ ਬੁੱਕ ਬੁੱਕ ਮਿੱਟੀ ਪਾਵਨ
ਕੀ ਦੱਸੀਏ ਜਦੋਂ ਥੋੜ ਦਿਲੇ ਦੀ
ਬਣ ਜਾਏ ਜਾਲ ਵਬਾਲ
ਹੱਡ ਵੱਟੀਆਂ ਤੇ ਚੁਪ ਚੁਪੀਤੇ ਫਿਰ ਜਾਏ ਕਾਲ ਜ਼ੰਗਾਲ
ਸਿਲ੍ਹ ਸੁਫ਼ਨੇ ਦੀ ਕੰਧਾਂ ਵਿਚੋਂ ਸਿਮ ਸਿਮ ਬਾਹਰ ਆਵੇ
ਹਿਰਸ ਦਾ ਪਾਣੀ ਅੰਦਰੋਂ ਅੰਦਰੀਂ ਨੀਂਹਾਂ ਨੂੰ ਖਾ ਜਾਵੇ
ਅਸੀ ਤੇ ਆਪਣੇ ਘਰ ਦੀਆਂ ਕੰਧਾਂ ਰੋਜ਼ ਦਿਹਾੜੀ ਟੱਪਦੇ
ਦਿਲ ਦੇ ਚੋਰ ਦੀ ਬੀਣੀ ਫੜਕੇ ਆਪ ਦੁਹਾਈ ਦਿੰਦੇ
ਆਪੇ ਥਾਣੇ ਰਪਟ ਲਿਖਾਂਦੇ ਆਪ ਸਫ਼ਾਈ ਦਿੰਦੇ
ਇਹ ਚਿੜੀਆਂ ਦਾ ਚੁਰਕਨ ਹੈ ਯਾ ਕੱਚ ਕਿਰਚਨ ਦਾ ਸ਼ੋਰ
ਸਾਨੂੰ ਨਾਲ ਨਸਾਈ ਫਿਰਦਾ ਸਾਡੇ ਮਨ ਦਾ ਚੋਰ
ਕੀ ਦੱਸੀਏ ਬੱਸ ਇਹ ਖ਼ਬਰ ਹੈ
ਦੋ ਮਹੀਨੇ ਦਸ ਦਿਨਾਂ ਵਿਚ ਦੂਣਾ ਕਰਦਾਏ ਸ਼ਾਹ
ਖੂਹ ਦੀ ਮਿੱਟੀ ਖੂਹ ਦੇ ਅੰਦਰ
ਖੱਟਿਆ ਸਭ ਸਿਵਾ…
ਆਪੇ ਮੰਜ਼ਰ ਨੱਚ ਖਲੋਤਾ ਅੱਖ ਦਾ ਕੀ ਗੁਨ੍ਹਾ।

***

ਕੀ ਲਿਖਨਾਏਂ

ਵੇਹਲੀ ਕਾਰ ਧਗਾਣੀ

ਇੰਝੇ ਕੋਈ ਗੱਲ ਉਰਾਹਾਂ ਦੀ ਹੋਰ ਪਰਾਂਹ ਹੋ ਜਾਣੀ

ਕਿਹੜਾ ਕੰਮ ਉਸਤਾਦੀ ਵਾਲਾ ਚਾਰ ਕਿਤਾਬਾਂ ਪੜ੍ਹਨਾ

ਸੱਜੇ ਬਨਿਉਂ ਚੁਕ ਚੁਕ ਸ਼ਈਆਂ

ਖੱਬੇ ਬੱਨੇ ਧਰਨਾ

ਐਵੇਂ ਯਧੀਆਂ ਬੱਧਈਆਂ ਨੂੰ ਪਏ ਸਾਲੂ ਨਵੇਂ ਪਵਾਣੇ

ਐਵੇਂ ਹੰਢੀਆਂ ਖੁੰਡੀਆਂ ਦੀ ਪਈ ਮੁੜ ਮੁੜ ਜੰਜ ਚੜ੍ਹਾਉਣੀ

ਬਣ ਬਹਿਣਾ ਉਲਮਾ…

ਕਿਹੜੇ ਬੇਲੇ ਕਾਂਗਾਂ ਚੜ੍ਹੀਆਂ

ਕਿਹੜੇ ਥਲ ਸਲਾਬੇ

ਬਾਤ ਬਣਾਵਣ ਵਾਲੀ ਅਟਕਲ

ਸੁਣਨ ਸੁਨਾਵਣ ਵਾਲੀ ਖੇਚਲ

ਸਾਰੇ ਕੰਮ ਅਜ਼ਾਬੇ

ਇੰਝੇ ਖੱਚ ਖਰਾਬੇ

***

ਅੱਧ ਫੱਗਣ ਏ

ਹਰੇ ਸ਼ਟਾਲੇ ਆਲ ਦੁਆਲੇ

ਸਰਹਿਉਂ ਝਾਤੀ ਪਾਂਦੀ

ਕਣਕਾਂ ਉੱਚੀਆਂ ਹੋਈਆਂ

ਅਜੇ ਤੇ ਜੰਮੀਆਂ ਬਾਲੜੀਆਂ ਦਾ ਮੂੰਹ ਮੱਥਾ ਨਹੀਂ ਬਣਿਆ

ਬੰਨਿਆਂ ਉਤੋਂ ਸਿਰ ਕੱਢ ਕੱਢ ਕੇ ਚਾਰ ਚੁਫ਼ੇਰ ਵੇਖਣ

ਵੇਖਣ ਦੀ ਬੱਸ ਸੌਖ ਜੋ ਹੋਈ

ਕਰਨੇ ਦੀ ਖ਼ੁਸ਼ਬੂ ਨਿਕਲੀ ਵੱਤ ਵੇਹੜੇ ਮਹਿਕ ਜਗਾਵਣ

ਫੱਗਣ ਲਾਂਘਾ ਚੇਤਰ ਦਾ ਏ ਕੂੰਜਾਂ ਦਾ ਘਰ ਜਾਵਣ

ਕੂੰਜਾਂ ਕਿਥੇ ਜੰਮੀਆਂ ਖ਼ਬਰੇ ਕਿਥੇ ਜਾ ਕੇ ਮੋਈਆਂ

ਵਾਪਸ ਘਰ ਨੂੰ ਜਾਣ ਤੋਂ ਪਹਿਲਾਂ ਸਾਨੂੰ ਮਿਲਕੇ ਰੋਈਆਂ

ਫੁਲਝੜੀਆਂ ਦਾ ਡਾਰਾਂ ਚਿੜੀਆਂ ਚੇਤਰ ਖੇਡਣ ਆਈਆਂ

ਪਹਿਲੀ ਚੂਹਕ ਚਿੜੀ ਦੀ ਸਾਡੀਆਂ ਕੰਨਾਂ ਦਾ ਤਰਸੇਵਾਂ

ਪਹਿਲੀ ਰਿਸ਼ਮ ਹਵਾ ਦੀ ਸਾਡਿਆਂ ਸਾਹਵਾਂ ਦਾ ਪਰਛਾਵਾਂ

ਆਈ ਐਂ  ਚਿੜੀਏ ਸਾਡੇ ਅੰਦਰ ਰੰਗ ਮਚਾ ਜਾ...

ਹਰੀਆਂ ਕਣਕਾਂ ਉਤੇ ਅੜਈਏ ਫੇਰਾ ਲਾਕੇ ਜਾ

ਕਣਕਾਂ ਜੰਮੀਆਂ ਉੱਚੀਆਂ ਹੋਈਆਂ ਹੋਰ ਦਿਨਾਂ ਦੀ ਗੱਲ ਏ

ਚੇਤਰ ਮੁੱਕਿਆ ਚੜ੍ਹੇ ਮਹੀਨੇ ਕਣਕਾਂ ਦਾ ਵਢਿਆਂ ਜਾਣਾ

ਹੁਣ ਗਈਆਂ ਮੁੜ ਮੱਘਰ ਚੜ੍ਹੀਆਂ ਕੂੰਜਾਂ ਵਾਪਸ ਆਵਣਾ

ਕੂੰਜਾਂ ਦਾ ਘਰ ਜਾਵਣ ਜੀਕਣ ਕਣਕਾਂ ਰੰਗ ਵਿਖਾਵਣ

ਰੰਗ ਬਰੰਗੀ ਚਿੜੀਏ ਤੇਰਾ ਸਾਡੇ ਵਿਹੜ੍ਹੇ ਆਵਣ

ਆਜਾ ਆਜਾ ਸਾਡੇ ਅੰਦਰ ਚੇਤਰ ਰੰਗ ਭਖਾ ਜਾ

ਕੋਈ ਚੇਤਰ ਰੰਗ ਮਚਾ ਜਾ...

## ਮਾਵਾਂ ਛਾਵਾਂ

(ਚਨਾਂਹ ਕੰਢਿਓਂ ਵਢੀਆਂ ਟਾਹਲੀਆਂ ਦੇ ਦੁਖ ਵਿਚ)

ਇਹ ਮਾਵਾਂ ਦੇ ਜੰਮੇ ਨਹੀਂ

ਇਹ ਛਾਵਾਂ ਨੂੰ ਮਾਨਣ ਕੀ

ਇਹ ਪੱਥਰਾਂ ਦੀਆਂ ਧੁਨੀਆਂ ਵਿਚੋਂ

ਲਮਕੀਆਂ ਜੀਭਾਂ ਦੇ ਪਰਛਾਵੇਂ

ਨਹੀਂ ਸੁੰਣਦੇ ਬੱਸ ਚੱਟ ਲੈਂਦੇ ਨੇਂ ਜੋ ਕੁਝ ਨਜ਼ਰੀ ਆਵੇ

ਵੱਟਿਆਂ ਹੇਠ ਜ਼ਮੀਨ ਮਲੂਕੜੀ ਲੱਖ ਪਈ ਤਰਲੇ ਪਾਵੇ

ਪੱਥਰਾਂ ਅੰਦਰ ਸਾਹ ਨਹੀਂ ਹੁੰਦੇ

ਰਾਹ ਹੁੰਦੇ ਨੇਂ

ਸਿਰ ਤੇ ਸੱਟ ਸਵਾਹਰੀ ਕਿਰਚੀ ਕਰ ਜਾਂਦੀ

ਠੁੱਡ ਬਿਨਾ ਨਹੀਂ ਹਟਦੇ ਅਪਣੀ ਜਾਈ ਤੋਂ

ਤੂੰ ਕਹਿਨਾ ਏਂ ਖ਼ਤ ਲਿਖਾਂ ਮੈਂ

ਅਖ਼ਬਾਰਾਂ ਨੂੰ ਪਾਵਾਂ

ਸਾਡੇ ਕੋਲੋਂ ਖੋਹਕੇ ਲੈ ਗਏ

ਸਾਡੀਆਂ ਠੰਢੀਆਂ ਛਾਵਾਂ

ਛਾਪੇ ਚੜਿਆਂ ਬਾਤ ਨਹੀਂ ਬਣਨੀ

ਪੱਥਰ ਮੋਮ ਨਹੀਂ ਹੋਣਾ

ਕੁਝ ਰੁੱਖਾਂ ਦੀ ਮੌਤ ਤੇ ਬੀਬਾ

ਹੋਰ ਕਿਸੇ ਕੀ ਰੋਣਾ

ਇਸ ਤੋਂ ਵੱਧ ਕੁਝ ਕਰਨਾ ਪੈਣਾ

ਆਰੇ ਤੇ ਹਥ ਧਰਨਾ ਪੈਣਾ

ਇਹ ਕੰਮ ਰਲ-ਮਿਲ ਕਰ ਨਾ ਜਾਈਏ

ਜੀਕਣ ਜੀਵਨ ਦਾ ਹੱਕ ਹੁੰਦਾ ਏ...ਇਕ ਵਾਰੀ ਇੰਝ ਮਰ ਨਾ ਜਾਈਏ

## ਨਜ਼ਮ

(ਗ਼ੁਲਾਮ ਹੁਸੈਨ ਗਾਮੀ ਮਰਹੂਮ ਲਈ)

ਜਦੋਂ ਵੀ ਮਿਲਨਾ
ਨਵੀਂ ਕਹਾਣੀ ਗਾਮੀ ਯਾਰ ਸੁਨਾਵਣੀ
ਗੱਲ ਕਰਨੀ ਤੇ ਗੱਲ ਵਿੱਚ ਜੀਕਨ
ਜਾਨ ਜਿਹੀ ਪਾ ਦੇਣੀ
ਜੋ ਕਹਿਣਾ ਅਸਾਂ ਸੱਚ ਮਨ ਲੈਣਾ
ਕੀਕਣ ਕੂੜ ਅਲਾਉਂਦੇ
ਇਕ ਅੱਖ ਰੁਨੀ-ਸੁਨੀ ਦਿਸਣੀ
ਦੂਜੀ ਮਨ ਪਰਚਾਉਂਦੀ
ਵਿਚ ਵਿਚ ਪੜਦੇ ਪਾਂਦੀ ਕਿਧਰੇ
ਸਭ ਕੁੱਝ ਖੋਲ ਵਿਖਾਉਂਦੀ…
ਉਹ ਬਾਰੀ ਦੁਖ ਦਰਦਾਂ ਦੀ ਸੀ
ਹਿਜਰ ਦੁਆਰੇ ਖੁੱਲਦੀ
ਵਸਲ ਸਿਆਪੇ ਕੱਟਣ ਲੱਗਿਆਂ
ਜਿੰਦੜੀ ਨਿਤ ਪਈ ਰੁਲਦੀ
ਉਹ ਭੁੱਲਰ(1) ਦਾ ਯਾਰ ਸਿਆਣਾ
ਇਕ ਯੁੱਗ ਪੂਰਾ ਭੁੱਲਿਆ
ਨਿੱਕੀਆਂ ਨਿੱਕੀਆਂ ਲੋੜਾਂ ਪਿਛੇ ਮਿੱਟੀ ਮਿੱਟੀ ਰੁਲਿਆ
ਨਸ਼ਾ ਨਾ ਕਰਦਾ ਫੇਰ ਕੀ ਕਰਦਾ!
ਇਕ ਪਲ ਜੀਵਨ ਦੀ ਖ਼ਾਤਿਰ ਬੰਦਾ
ਰੋਜ਼ ਦਿਹਾੜੀ ਮਰਦਾ
ਅੱਜ ਮਰਿਆ ਤੇ ਇੰਝ ਲਗਿਆ ਜਿਉਂ ਹੱਡੋਂ ਸੌਖਾ ਹੋਇਆ
ਭੋਰਾ ਭੋਰਾ ਜੀਵਨ ਤੋਂ ਚੰਗਾ
ਓੜਕ ਪੂਰਾ ਹੋਇਆ …

1…ਗ਼ੁਲਾਮ ਨਬੀ ਭੁੱਲਰ ਕਾਮਰੇਡ

ਨਜ਼ਮ

ਐਵੇਂ ਬੂਹੇ ਭੰਨਨੀ ਪਈ ਏਂ ਵਾਏ ਨੀ
ਅਸੀ ਕਦੋਂ ਦੇ ਹੋਰ ਠਿਕਾਣੇ ਕਰ ਬੈਠੇ
ਪੈਰਾਂ ਹੇਠ ਜ਼ਿਵੇਂ ਦੇ ਗੇੜੇ
ਹਥ ਸਾਹਵਾਂ ਤੋਂ ਅੱਗੇ ਪੈਂਡੇ ਕਛਦੇ ਪਏ
ਭਾਵੇਂ ਪੰਧ ਲਮੇਰੇ ਰਾਹਵਾਂ ਦਿਸੀਆਂ ਨਾ
ਤੂੰ ਫਿਰਨੀ ਏਂ ਆਲ ਦੁਆਲੇ ਕਮਲੀ ਜਿਹੀ
ਕੋਲੋਂ ਛੇੜਕੇ ਲੰਘ ਜਾਣੀ ਏਂ ਤੱਕਦੀ ਨਹੀਂ
ਕੱਖ ਪੱਤਰਾਂ ਤੋਂ ਪਹਿਲੇ ਰਾਹੇ ਪੈ ਜਾਂਦੇ
ਵਗਦੇ ਪਾਣੀ ਨਾਲ ਠਿਕਾਣੇ ਲੈ ਜਾਂਦੇ
ਸਿਲ੍ਹ ਸੱਧਰਾਂ ਦੀ ਮੰਨਿਆ ਛੇਤੀ ਸੁੱਕਦੀ ਨਹੀਂ
ਗੱਲ ਨਗੱਲੀ ਐਵੇਂ ਕੀਤੀਆਂ ਮੁਕਦੀ ਨਹੀਂ
ਵਾਜ ਆਉਂਦੀ ਏ ਅੰਦਰੋਂ ਜਿਹੜੀ
ਸਾਡੀ ਨਹੀਂ
ਹੋਰ ਕਿਸੇ ਦੀ ਚੁਪ ਬਗਾਨੀ
ਵੇਹੜ੍ਹਿਆਂ ਅੰਦਰ ਲਹਿ ਗਈ ਹੋਣੀ
ਐਵੇਂ ਕੋਈ ਨਾਂ ਦੀ ਤਖ਼ਤੀ
ਬੂਹੇ ਉਤੇ ਰਹਿ ਗਈ ਹੋਣੀ

**

***

ਮਾਏ ਨੀ ਮੇਰਾ ਵਸਦਾ ਸ਼ਹਿਰ ਖੜੀਚਾ
ਠੱਡੀਆਂ ਛਾਵਾਂ ਵਾਲੀਆਂ ਗਲੀਆਂ
ਖਿੜਿਆ ਬਾਗ ਬਗੀਚਾ

ਮਾਏ ਨੀ ਅਸਾਂ ਸੱਖਣੇ ਸਾਕ ਸਹੇੜੇ
ਰਾਤ ਤਿਨ੍ਹਾਂ ਦੇ ਨਾਲ ਗੁਜ਼ਾਰੀ
ਸਰਘੀ ਪੁੱਛਿਆ ਕਿਹੜੇ

ਮਾਏ ਨੀ ਅਸਾਂ ਨਿਤ ਪੱਤਨਾਂ ਤੇ ਖਲ੍ਹੀਆਂ
ਬੇ-ਸਰਨਾਵੀਆਂ ਚਿੱਠੀਆਂ ਲਿਖ ਲਿਖ
ਪਾਰ ਚਨਹਾਉਂ ਘੱਲੀਆਂ

ਮਾਏ ਨੀ ਅਸਾਂ ਨਾਲ ਕਿਨ੍ਹਾਂ ਦੇ ਸੁੱਤੀਆਂ
ਪਲ ਦੋ ਪਲ ਸਿਰ ਮੱਥੇ ਉਤੇ
ਵੱਤ ਪੈਰਾਂ ਦੀਆਂ ਜੁੱਤੀਆਂ

***

## ਮਰਹੂਮ ਕਾਮਰਾਨ ਬਾਬਾ ਲਈ ਲਿਖੀ ਨਜ਼ਮ

ਚੜ੍ਹ ਟਿੱਬਿਆਂ ਅਸਾਂ ਘੁਰਨੇ ਮੱਲੇ

ਲੰਮੀ ਤਾਨ ਕੇ ਸੁੱਤੇ

ਧੁਦਲ ਧੁਦਲ ਅਸਾਡੀ ਵਲਗਣ

ਫੁਲ ਕਬਰਾਂ ਦੇ ਉਤੇ

ਪਿੱਲੀ ਇੱਟ ਸਿਰਹਾਣੇ ਧਰ ਗਏ

ਸੇਹ ਸੁੱਤਿਆਂ ਦੀ ਰਾਖੀ ...

ਦਾਰੇ ਚੜ੍ਹੀਆਂ ਦੇਗਾਂ ਕੁੱਕੜ...ਜ਼ਰਦੇ

ਖ਼ਤਮ ਪਰਾਇਆਂ ਦੇ

ਅੱਖ ਦਾ ਬੋਕਾ

ਖ਼ਾਲੀ...

ਸੋਕਾ

ਵੈਣ ਸਿਆਪੇ ਆਇਆਂ ਦੇ

ਕੀ ਰੋਣਾ ਸਾਨੂੰ ਨਿਤ ਮੋਇਆਂ ਨੂੰ

ਯਾਰਾਂ ਬਹਿਣ ਬਹਾਨਾ...

ਤੀਜੇ ਦੇਂਹ ਉਨ੍ਹਾਂ ਫੂਹੜੀ ਚਾ ਲਈ

ਦਸਵਾਂ ਕਰਨ ਨਹੀਂ ਆਵਣਾ...

ਜਗ ਜਗ ਅੱਖੀਆਂ ਨੀਂਦਰ ਘਾਟਾ

ਪਲ ਇਥੇ ਪਲ ਉਥੇ

ਠਗਣਾ ਕਾਰ ਵਿਹਾਰ ਜਿਨਹਾਂ ਦਾ

ਸਾਨੂੰ ਠੱਗਣ ਆਏ

ਸੱਚ ਤੋਂ ਕੂੜ ਸੁੰਜਾਤੇ ਕਿਹੜਾ

ਭਲਕ ਭੁਲੇਖਾ ਪਾਏ
ਕਰਨੇ ਕੰਮ ਅਜਿਹੇ
ਇੱਲਤ
ਵੱਤ ਕਰਨੇ ਦਾ ਭਰਨਾ...
ਜੇਤੂ ਜੱਗ ਗੱਲ ਬਾਂਹ ਧਗਾਣੇ
ਛੇਤੀ ਛੇਤੀ ਕੰਮ ਮੁਕਾਉਣੇ
ਪਹਿਲੀ ਗੱਡੀ ਚੜ੍ਹਨਾ...
ਤੂੰ ਆਇਓਂ ਪਰ ਚਿਰਕਾ ਆਇਓਂ
ਹੋਰ ਕਿਸੇ ਕੀ ਆਵਣਾ
ਸਾਨੂੰ ਗੋਰ ਪਿਆਂ ਨੂੰ ਭੱਲਿਆ
ਸਿਹਾਂ ਫੇਰਾ ਪਾਉਣਾ।

**

ਰਲ ਮਿਲ ਤਸੀਵ ਆਓ ਭਰੀਏ

ਧੁੱਪ ਦਿਨਾਂ ਵਿਚ ਸਾਵਣ ਮਾਹ ਦੀਆਂ ਕਿੰਣੀਆਂ

ਚੜ੍ਹਿਆ ਬਦਲ ਢੋਰ ਤੇ ਨਹੀਂ ਜਿਹੜਾ ਵੱਲ ਵਲਾਕੇ ਲੈ ਆਈਏ

ਇਨ੍ਹਾਂ ਖੇਹ ਖਲੀਆਨਾਂ ਉਤੇ

ਵਾਅ ਵਰ੍ਹਦੀ ਏ। ਬੰਹ ਘਲੀਏ ਕੋਏ ਸਾਂਝ ਸੁਨਿਹੜਾ ਚਾਂਦੀ ਚੜ੍ਹੇ ਪਹਾੜਾਂ ਨੂੰ

ਧੁੱਪ ਤਿੜਕੀ ਤੇ ਆਪੇ ਈ ਚਾਨਣ ਆ ਵੈਸੀ ਇਨ੍ਹਾਂ ਰੇਤ ਥਲਾਂ ਵਿਚ ਭੱਜਦਾ

ਧਰਿਓ ਛੰਨਾ ਵਲਟੋਹੀ ਕੋਈ

ਤੁਬਕਾ ਤੁਬਕਾ ਭਰਿਓ

ਰਲ ਮਿਲਿਓ ਸਾਡੀ ਡੀਕ ਤ੍ਰਹਿ ਹੈ

ਜਿਹੜੀ ਲੂੰ ਲੂੰ ਨੀਰ ਛੁਹਾਏ

ਆਓ ਨੀ ਸਾਡੇ ਨਾਲ ਰੁੜ੍ਹੋ

ਅਸਾਂ ਦੂਰ ਸਮਦੰਰੀਂ ਲਹਿਣਾ

ਕਿਹੜੀ ਰੁੱਤ ਵਿੱਤ ਰਲ ਮਿਲ ਸੰਗਤਾਂ ਆ ਕੰਢਿਆਂ ਤੇ ਬਹਿਣਾ

## ਕੱਖਾਂ ਦਾ ਗਾਵਣ

ਕੱਖ ਕਮਜ਼ਾਤੇ ਜ਼ਾਤ ਕੁਜ਼ਾਤੇ
ਆ ਵੈਸਨ ਹੁਣੇ ਢੋਲ ਵਜਾਉਂਦੇ
ਵਾਅ ਵਰ੍ਹਦੀ ਤੇ ਪੈਲਾਂ ਪਾਉਂਦੇ
ਨੀਚ ਨਿਮਾਣੇ ਉਡ ਪੁੱਡ ਜਾਣੇ
ਏਥ ਕਿਥਾਈਂ ਹੋਸਨ
ਇਨ੍ਹਾਂ ਦਾ ਬੱਸ ਹੋਵਣ ਕੀ ਏ
ਜਾਗਣ ਕੀ ਏ ਸੋਵਣ ਕੀ ਏ
ਮੰਗ-ਪਿਨ ਲੈਣਾ
ਵਾਅ ਵਗਦੀ ਤੇ
ਪਾ ਕਾਠੀ ਜਾ ਬਹਿਣਾ
ਜਿਥ ਸਾਹ ਖਿੱਚਣਾ...ਉਥੇ ਈ ਲਹਿਣਾ
ਲਹਿਣ ਰਹਿਣ ਵਿਚ ਫ਼ਰਕ ਨਹੀਂ ਕਰਦੇ
ਵਾਅ ਝੁਲੇ ਵੱਤ ਤਾਰੀ ਭਰਦੇ
ਅੱਖ ਅਸਤਰ ਤੇ ਕੰਨ ਕੁਹਾੜੀ
ਦਾਅ ਦਪੇ ਦੀ ਪਾਣ ਚੜ੍ਹਾਕੇ
ਜੀਭ ਜੁਗਾਲੀ ਕਰ ਲੈਂਦੇ ਨੇਂ
ਸੁਨ ਮੁਸਨਿਆਂ ਅੰਦਰਾਂ ਵਿਚੋਂ ਬਾਤ ਬੁਲੇਂਦੀ ਫੜ ਲੈਂਦੇ ਨੇਂ
ਚੁਪ ਉਛਾੜ ਚੜ੍ਹਾ ਦਿੰਦੇ ਨੇਂ ਸਾਡੀਆਂ ਕੀਤੀਆਂ ਨੀਤੀਆਂ ਤੇ
ਕਰਨੀ ਦਾ ਮੂਲ ਭਰਨੀ ਕਰਦੇ ...
ਕੂੜ ਕਮਾਈਆਂ ਸੱਚ ਕਰ ਜਾਂਦੀਆਂ ਬੱਤੀਆਂ ਈਦ ਮਿਲਾਦ ਦੀਆਂ...
ਟਿਮ ਟਿਮ ਬਲਦੀਆਂ ਬੱਤੀਆਂ ਅੰਦਰ ਖ਼ਾਲੀ ਸਮ ਹਨੇਰਾ

ਨਿਤ ਕਰਨੀ ਦਾ ਘੇਰਾ

ਗੱਲ ਦੇ ਘੇਰਿਉਂ ਬਾਹਰ ਖਲੋਤਾ

ਵਾਅ ਵਰ੍ਹਦੀ ਦਾ ਸਾਹ ਏ

ਤੀਲਾ ਆਪ ਹਵਾ ਏ . . . ਕੱਖ ਕੰਮਜ਼ਾਤਾ ਜ਼ਾਤ ਕੁਜ਼ਾਤਾ

## ਨਜ਼ਮ

ਠਰੇ ਸਮੁੰਦਰ
ਚੁਪ ਦੀ ਚਾਦਰ ਤਾਣੀ ਖੜਾ ਹਨੇਰਾ
ਬਰਫ਼ ਮਦਾਨਾਂ ਉਤੇ ਅਜ਼ਲੋਂ
ਚਾਂਦੀ ਚੜ੍ਹੀ ਹਵਾ ਦਾ ਸ਼ੀਸ਼ਾ...
ਖੜੇ ਸਮੁੰਦਰ
ਸਾਹ ਕੁੰਜਿਆ ਤੇ ਹੇਠੋਂ ਹੱਲੇ ਵਿਰਲੇ ਸਾਵੇ ਟਾਪੂ
ਇੰਝ ਲਗਿਆ ਜਿਉਂ ਜਾਗ ਤੋਂ ਪਹਿਲਾਂ
ਸੁੱਤਿਆਂ ਨੂੰ ਕੋਈ ਸੁਰਤ ਹੈ ਆਈ
ਸਾਹ ਸੈਂਤਰ ਨੇ ਠਰੇ ਜੁੜੇ ਨੂੰ
ਝੂਣਾ ਮਾਰ ਜਗਾਇਆ
ਚੜ੍ਹੀ ਭੰਬੀਰੀ ਬੱਦਲਾਂ ਨੂੰ ਤੇ ਜ਼ਿਵੀਂ ਕਲਾਵਾ ਕੱਸਿਆ
ਧਰਤ ਹਲੂਣਾ ਅੰਦਰੀਂ ਵਲਿਆ
ਜਰਿਆ ਤੋੜ ਪਤਾਲੀਂ
ਇਹੋ ਜਿਹੀ ਕੋਈ ਲਿਸ਼ਕ ਤਰੁਟੀ
ਮੂਹੰਦਾ ਕਰ ਗਈ ਖ਼ਾਲੀ
ਉਹ ਵਰ੍ਹਿਆ ਜਿਹੜਾ ਇਸ ਤੋਂ ਪਹਿਲਾਂ ਨਾ ਬਾਦੋਂ ਕਦੀ ਵਰ੍ਹਿਆ
ਹੜ੍ਹ ਚੜ੍ਹਿਆ ਉਸ ਵਾਅ ਦੇ ਘੋੜੇ
ਤਾਰੇ...
ਸੱਪ ਚੰਗਿਆੜੇ
ਬਦਲ ਧੂੰ ਅਸਮਾਨਾਂ ਤਾਈਂ
ਘੂਕਰ ਘੁਮਣਘੇਰੀ

ਸਰਪਟ ਫਿਰੀ ਹਨੇਰੀ
ਧਮਕ ਧੌਂਸ ਨੇ ਭੀਤਰ ਭਰਿਆ
ਨੌਬਤ ਚੜ੍ਹੀ ਚੋਖੰਡੀ
ਚੜ੍ਹੇ ਸਮੁੰਦਰ
ਧੂੰ ਧੁਮਿਆ ਤੇ ਧਰਤੀ…ਬਾਣਾ ਪਾਇਆ
ਅੱਖ ਵਿਚ ਪਾਣੀ ਤਰਿਆ
ਸਾਡੇ ਰੋਣ ਤੋਂ ਪਹਿਲਾਂ ਦੀ ਕਿਸੇ ਜੂਨ ਦਾ ਚਾਨਣ ਚੜ੍ਹਿਆ
ਪੋਲੀ ਪੋਲੀ ਵਿਰਲਾਂ ਵਿਚੋਂ ਲਮਕਣ ਲੱਗੀ ਲੋਅ
ਪਉਂਦ ਪਏ ਕਿਸੇ ਬਗਲੇ ਦੀ ਕੋਈ ਪਹਿਲੋ ਪਹਿਲ ਉਡਾਰੀ
ਅਜੇ ਵੀ ਸਾਨੂੰ ਆਵੰਦੀ ਏ ਉਹਨਾਂ ਖੁੰਬਾਂ ਦੀ ਖ਼ੁਸ਼ਬੋ
ਜਦੋਂ ਕਦਾਈਂ ਪੋਹ ਵਿਚ ਸਾਡੀ ਛੱਤ ਤੇ ਪਾਣੀ ਵਰ੍ਹਦਾ ਏ।

## ਗਾਵਣ ਲੂਣ ਪਹਾੜ ਦਾ

(ਛੰਦ ਮਿਰਜ਼ਾ ਸਾਹਿਬਾ)

ਅਸੀ ਪੁਤਰ ਲੁਉਨ ਪਹਾੜ ਦੇ ਹਰ ਚੜ੍ਹਦੀ ਲਾਮ ਚੜ੍ਹੇ
ਨਿਤ ਚੋਆ ਅੱਥਰੂ ਕੇਰਦਾ ਪੁੱਤ ਜਾ ਪ੍ਰਦੇਸ ਮਰੇ

ਅਸੀ ਮਿੱਠੇ ਢੋਲੇ ਗਾਵੰਦੇ ਤੇ ਖਾਰੇ ਸਾਡੇ ਖੂਹ
ਇੱਥ ਰੱਕੜ ਤਸਿਆਂ ਖੇਤੀਆਂ ਮੀਂਹ ਵਰ੍ਹਦਾ ਵਗਦੀ ਜੂਹ

ਅਸੀ ਹਾਲੀ ਛੇੜੂ ਆਜੜੀ ਅਸੀ ਕਾਨਾਂ ਦੇ ਮਜ਼ਦੂਰ
ਅਸੀ ਨੌਕਰ ਹਰ ਸਰਕਾਰ ਦੇ ਅੱਸੀ ਭੁਖ ਹੱਥੋਂ ਮਜਬੂਰ

ਇਹ ਧਰਤੀ ਸਾਨੂੰ ਵਾਂਜਦੀ ਤੇ ਮਾਵਾਂ ਸਾਨੂੰ ਰੋਣ
ਕਿਤ ਉਮਰਾਂ ਪਿਛੋਂ ਪਰਤੀਏ ਤੇ ਸੰਗੀ ਪੁੱਛਣ ਕੌਣ

ਵੱਤ ਸਤ ਘਰੇ ਦੀਆਂ ਫੇਰੀਆਂ ਸਾਨੂੰ ਗੰਗਾ ਰਾਜ ਕਟਾਸ
ਅਸੀ ਜੰਮ-ਪਲ ਧਰਤੀ ਉਸ ਦੇ ਜਿਹਦੇ ਪੁੱਤ ਕੱਟਦੇ ਬਨਬਾਸ

ਅਸੀ ਮਾਲੀ ਕਾਮੇ ਅਰਦਲੀ ਅਸੀ ਕਾਤਿਲ ਤੇ ਮਕਤੂਲ
ਸਾਨੂੰ ਦੋਸ਼ ਨਾ ਦੇਣਾ ਦੋਸਤੋ ਸਾਡਾ ਸਾਹ ਸੀਨੇ ਵਿਚ ਸੂਲ

ਅਸੀ ਰੱਤ ਹੱਦਾਂ ਤੇ ਡੋਲ੍ਹਦੇ ਮਰਦੇ ਪਾਰ ਉਰਾਰ
ਸਾਡੇ ਲਹੂ ਦੇ ਦੀਵੇ ਬਾਲਦੇ ਨਿਤ ਹਾਜੀ ਸ਼ੇਖ਼ ਕਰਾੜ

ਅਸੀ ਬਾਲਣ ਓਸ ਤੰਦੂਰ ਦਾ ਜਿਹੜਾ ਮੰਗੇ ਪੁਤਰ ਛੋਹਰ
ਅਸੀ ਜੰਮ-ਪਲ ਲੂਣ ਪਹਾੜ ਦੇ ਤੇ ਕਰਗਲ ਸਾਡੀ ਗੋਰ

ਚੰਨ ਚਮਕੇ ਕਲਰਕਹਾਰ ਤੇ ਨਿਤ ਚਹਿਕੇ ਚਿਤ ਚਕੋਰ
ਅਸੀ ਕਾਲੇ ਪਾਣੀ ਕੱਟੀਏ ਘਰ ਪੈਲਾਂ ਪਾਵੰਦੇ ਮੋਰ

ਸਾਨੂੰ ਯਾਦ ਸਤਾਵਨਦੀ ਨਿਮ ਦੀ ਜਿਹਦੀ ਟੀਸੀ ਬੈਠੇ ਭੌਰ
ਅਸਾਂ ਮਾਰ ਉਡਾਰੀ ਉੱਡਣਾ ਤੇ ਹੋਣਾ ਹੋਰ ਦਾ ਹੋਰ

ਅਸੀ ਪੁਤਰ ਲੂਣ ਪਹਾੜ ਦੇ ਹਰ ਚੜ੍ਹਦੀ ਲਾਮ ਚੜ੍ਹੇ
ਨਿਤ ਚੋਆ ਅੱਥਰੂ ਕੇਰਦਾ ਪੁੱਤ ਜਾ ਪ੍ਰਦੇਸ ਮਰੇ

## ਰੋਂਦੂ ਰੁਖ weeping willows

ਰੁਖ ਨਹੀਂ ਰੋਂਦੇ

ਰੁਖ ਬੰਦਿਆਂ ਦੇ ਮਹਿਰਮ ਹੁੰਦੇ

ਰੁਖ ਤੇ ਚੁਰਕਨ ਚਿੜੀਆਂ ਦਾ ਇਹ ਰੈਨ ਵਸੇਰਾ ਪੱਖੀਆਂ ਦਾ

ਜਿਹੜੇ ਸਾਹ ਪੱਤਰਾਂ ਤੇ ਤੱਕਣੀ ਧਰ ਕੇ

ਅੱਖੀਆਂ ਨੂਟ ਖਲੋਤੇ

ਨਿਤ ਜਾਗਣ ਜਿਹੇ ਸੋਤੇ

ਰਾਹ ਪੁੱਛਦੇ ਨੇਂ ਆਵੰਦਿਆਂ ਜਾਵੰਦਿਆਂ ਰਾਹੀਆਂ ਤੋਂ

ਕੋਲੋਂ ਲੰਘਦੀ ਸੀਤ ਹਵਾ ਜਦੋਂ ਦਰਦ ਹਲੂਣਾ ਦੇ ਜਾਂਦੀ ਏ

ਪੈਰ ਜ਼ੀਵੀਂ ਤੇ ਹਥ ਅਸਮਾਨੀਂ

ਜਾ ਫੜਿਆ ਇਨ੍ਹਾਂ ਬੱਦਲਾਂ ਵਿਚੋਂ ਸੂਰਜ ਅੰਦਰੀਂ ਲੁਕਿਆ

ਧੁੱਪ ਕਣੀ ਵਿਚ ਜਣੀ-ਖਣੀ ਦਿਆਂ ਪੈਰਾਂ ਦੀ ਗਰਮਾਈ

ਲਾਂਘਾ ਅੱਖੀਆਂ ਦਾ

ਜਿਉਂ ਛਾਂ ਛੱਤਰ ਦਾ ਨਿੱਘ ਕਲਾਵਾ

ਪਹਿਲੀ ਰਿਸ਼ਮ ਹਵਾ ਦੀ ਜੀਕਣ ਬੂਹਾ ਚੀਰ ਕੇ ਆਈ

ਨਰਮਾਈ ਉਨ੍ਹਾਂ ਉਂਗਲਾਂ ਦੀ ਜਿਹਨਾਂ ਪਾਕ ਸਮੁੰਦਰ ਕੀਤੇ

ਨਿਰੇ ਨਰੋਏ ਪਾਣੀ ਵਿਚੋਂ

ਵਿਰਲੀ ਵਿਰਲੀ ਅੱਖ ਵੱਤਰ ਲਈ

ਸਾਹ ਸੈਂਤਰ ਦਾ ਬੁਲਾ

ਲੋੜ ਥੋੜ ਤੇ ਮੁੱਕਦੀ ਨਹੀਂ ਭਲਾ ਕੌਣ ਵੰਜਾਵੇ ਉਮਰਾਂ

ਠਾਰ ਸਮੇ ਦੀਆਂ ਵਿੱਥਾਂ ਵਿਚੋਂ ਵਰ੍ਹ ਜਾਵੇ ਤੋੜੇ ਤੱਕਣੀ

ਲਾਮ ਉਡਾਰੀ ਅੱਖੀਆਂ ਦੀ ਜਿਹਨਾਂ ਪਿੰਡੇ ਪੰਖ ਵਲ੍ਹੇਟੇ

ਕੋਈ ਕੋਈ ਰਮਜ਼ ਹਵਾ ਦੀ ਸਾਥੋਂ ਪੁਛ ਲੈਂਦੀ ਏ

ਰੋਣ ਜੀਊਣ ਦਾ ਆਹਰ

ਇਕ ਬੁੱਕ ਅੱਥਰੂ ਚੋਅ ਕੇ...ਅੱਖ ਦਾ ਮਹਿਰਮ ਹੋਕੇ...ਰੁਖ ਨਹੀਂ ਰੋਂਦੇ

## ਨਜ਼ਮ

ਹਥ ਪਿਛੋਕੜ ਅੱਖ ਦੀ
ਅਗਲੇ ਯੁੱਗ ਦਾ ਸਾਹ
ਕਾਲੀ ਰਾਤ ਹਨੇਰੀ ਵਿਚੋਂ ਆਪੇ ਲੱਭਦਾ ਰਾਹ
ਖੁਲ੍ਹੀਆਂ ਕਣਕਾਂ ਉਪਰ ਖੇਡੇ
ਨਿਰਮਲ ਸੋਹਲ ਹਵਾ
ਸੰਗ ਮਰਮਰ ਦੀਆਂ ਸਿਲਾਂ ਉਤੇ ਪਾਣੀ ਤਿਲਕ ਪਿਆ
ਅੰਗ ਪਰਾਏ ਰੰਗ ਦਾ
ਲੂੰ ਲੂੰ ਦੇ ਮੁਸ਼ਕਾ
ਧੁਰ ਇੰਦਰਾਂ ਦੀਆਂ ਵਿੱਥਾਂ ਵਿਚੋਂ ਅਣ-ਝਕ
ਵਰ੍ਹਦਾ ਚਾਅ
ਸੂਟ ਗੁਲਾਬੀ ਪੱਤੀਆਂ
ਸੀਨੇ ਮਣੱਖ ਬਿਠਾ
ਵੇਹੜ੍ਹੇ ਆਈ ਜੰਜ ਨੂੰ ਅਸਾਂ ਆਪ ਦਿਤਾ ਪਰਤਾ
ਹੋਂਦ ਕਿਸੇ ਦੀ ਸ਼ਹਿਰ ਨੂੰ
ਜਿਉਂ ਅਪਣਾ ਦੇ ਬਣਾ...
ਆ ਮਾਹੀ ਅਸੀ ਕੱਖ ਥੀਂ ਹੌਲੇ
ਚੜ੍ਹੀਏ ਵਾਅ ਵਰੋਲੇ
ਘੁੱਟ ਜੱਫੀਆਂ ਦੀਆਂ ਘੁਮਣ ਘੇਰੀਆਂ
ਆਲ ਦੁਆਲੇ ਵਲੀਏ, ਸੱਕ ਸਾਹਵਾਂ ਦਾ ਮੱਲੀਏ
ਚੱਲ ਬੱਦਲਾਂ ਨੂੰ ਚਲੀਏ

# ਕੋਟਲਾ

(ਅੱਧ ਰਾਜੌਰੀ)

ਜਦੋਂ ਵਾਅ ਦਵਾਲਾ ਲੀਕਦੀ ਏ
ਧਾਰ ਕਣੀ ਦੀ ਸੂਲ ਤਰੋਪੇ ਚੁਗਦੀ ਏ
ਬੇ-ਵਤਨਾਂ ਲਈ ਦੂਰ ਟੱਟਹਿਰੀ ਕੂਕਦੀ ਏ
ਪੱਖੀਵਾਸ ਪਖੇਰੂ
ਠਰੇ ਚਨਾਂਹ ਦੀ ਅੱਖ ਸਮੁੰਦਰ ਕਰਦੇ ਨੇਂ
ਕੱਖਾਂ ਦੇ ਅਸਵਾਰ ਹਵਾ ਨੂੰ ਪੱਛ ਲਾਵੰਦੇ
ਧੁਰ ਅੰਦਰੋਂ ਉਦਰੇਵਾਂ ਸ਼ਕਲ ਵਟਾਵੰਦਾ ਏ
ਸਾਹ ਸਦੀਆਂ ਤੋਂ ਪਾਰ ਵਲੇਵਾਂ ਕੱਛ ਲੈਂਦੇ
ਤੂੰ ਬੱਦਲਾਂ ਦੀ ਡਾਰ ਪਹਾੜੋਂ ਲੋਹਾ ਆਇਓਂ
ਹਥ ਪੈਰਾਂ ਨੂੰ ਲਾਣ ਦੇ ਮਾਏ ਓਦਰੀਏ
ਪੱਖੀਆਂ ਨੂੰ ਘਰਾਂ ਦੇ ਮਾਏ ਉਦਰੀਏ
ਤਿਨ ਪੁਸ਼ਤਾਂ ਦੀ ਲੀਹ
ਥਕੇਵਾਂ ਖੁਰ ਜਾਵੇ
ਅੱਖ ਬੁਣਤਰ ਵਿਚ ਠਾਰ
ਦਵਾਲਾ ਭੁਰ ਜਾਵੇ

# ਨਾਇਨ ਟੂ ਫ਼ਾਈਵ

ਫਿਰ ਬਾਰੀ ਤੇ ਆ ਬੈਠਾ ਏਂ

ਕੀ ਕਹਿਣਾ ਏਂ

ਵੇਖ ਪਖੇਰੂ

ਮੈਂ ਇਕ ਕਮੀਂ ਰੁਝਿਆ ਬੰਦਾ

ਤੂੰ ਪੰਛੀ ਆਜ਼ਾਦ ਪਰਿੰਦਾ

ਇਥੋਂ ਉਡ ਉਥੇ ਜਾ ਬਹਿਣਾ

ਹਰੇ ਸ਼ਰੀਂਹ ਦੇ ਝੂਟੇ ਲੈਣਾ

ਦਿਲ ਤੇ ਕਰਦਾਏ…

ਤੋੜ ਅਸਮਾਨੀਂ ਹੋਕੇ ਆਈਏ

ਵਾਵਾਂ ਦੇ ਗਲ ਬਾਂਹਵਾਂ ਪਾਈਏ

ਭੱਲਿਆ ਏਨੀ ਵਿਹਲ ਨਹੀਂ ਸਾਨੂੰ

ਗੁਟ ਤੇ ਬੱਝੀ ਘੜੀ ਦੀ ਸੂਈ

ਵਕਤ ਫਲਾਂਗੀ ਜਾਵੇ

ਸਾਹ ਸੁਫ਼ਨੇ ਦੀਆਂ ਫੁੱਟੀਆਂ ਲਗਰਾਂ

ਵਗ ਤਕ ਛਾਂਗੀ ਜਾਵੇ

ਨੌਂ ਤੋਂ ਪੰਜ ਵਜਾਣਾ ਪੈਂਦਾ…

ਦਫ਼ਤਰ ਰੋਜ਼ ਈ ਜਾਣਾ ਪੈਂਦਾ…

ਜਿਹੜਾ ਮਹਿਲ ਉਸਾਰੀਦਾ ਏ

ਅਗਲੇ ਦਿਨ ਉਹ ਢਾਣਾ ਪੈਂਦਾ

ਕਮੀਂ ਲੱਗਿਆਂ ਰਹਿਣਾ ਅਸਲੋਂ ਮਨ ਪਰਚਾਣ ਦਾ ਝੌਲਾ ਏ

ਗੇੜੇ ਅਨ੍ਹੇ ਖੂਹਾਂ ਦੇ ਬੱਸ ਰੁੱਝਿਆਂ ਰਹਿਣ ਦਾ ਰੌਲਾ

ਏ

ਅਜੇ ਤੇ ਮਰਨ ਦੀ ਵਿਹਲ ਨਹੀਂ ਸਾਨੂੰ
ਕੁਝ ਵੀ ਕਰਨ ਵਿਹਲ ਨਹੀਂ ਸਾਨੂੰ
ਫੇਰ ਕਿਸੇ ਦਿਨ ਆਵੀਂ ਚੰਨਾ
ਬਹਿਕੇ ਦਿਲ ਦੀਆਂ ਗੱਲਾਂ ਕਰਸਾਂ
ਰਲਕੇ ਪੀਂਘ ਹੁਲਾਰੇ ਭਰਸਾਂ
ਦਿਲ ਤੇ ਕਰਦਾਏ
ਦਿਲ ਤੇ ਕਰਦਾਏ

# ਲਹਿੰਦੀ ਡੀਊੜ੍ਹੀ

ਐਵੇਂ ਬੂਹੇ ਭਿੰਨੇ ਪਈ ਐ ਵਾਏ ਨੀ

ਅਸੀ ਕਦੋਂ ਦੇ ਹੋਰ ਟਿਕਾਣੇ ਕਰ ਬੈਠੇ

ਪੈਰਾਂ ਹੇਠ ਜ਼ਿਮੀਂ ਦੇ ਕੀੜੇ - ਹੱਥ ਸਾਹਵਾਂ ਤੋਂ ਅੱਗੇ

ਪੈਂਡੇ ਕਢਦੇ ਪਏ

ਪੰਧ ਲਮੇਰੇ ਭਾਵੇਂ ਰਾਹਵਾਂ ਮੁੱਕੀਆਂ ਨਾ

ਕੋਲੋਂ ਛੋੜ ਕੇ ਲੰਘ ਜਾਨੀ ਏਂ ਤੱਕਦੀ ਨਹੀਂ

ਕੱਖ ਪੱਤਰਾਂ ਤੋਂ ਪਹਿਲੇ ਰਾਹੇ ਪੈ ਜਾਂਦੇ

ਵਗਦੇ ਪਾਣੀ ਨਾਲ ਟਿਕਾਣੇ ਲੈ ਜਾਂਦੇ

ਵਾਜ ਆਉਂਦੀ ਅੰਦਰੋਂ ਜਿਹੜੀ ਸਾਡੀ ਨਹੀਂ

ਚੁੱਪ ਬਗਾਨੀ ਹੋਰ ਕਿਸੇ ਦੀ

ਵੇਹੜਿਉਂ ਅੰਦਰ ਲਹਿ ਗਈ ਹੁਣੀ

ਐਵੇਂ ਕੋਈ ਨਾਂ ਦੀ ਤਖ਼ਤੀ

ਬੂਹੇ ਉਤੇ ਰਹਿ ਗਈ ਹੁਣੀ